(19)

(i) Printed Pages : 3

(ii) Questions : 6

Roll No. ...............................

Sub. Code : | 0 | 0 | 0 | 8 |

Exam. Code : | 0 | 0 | 0 | 1 |

**B.A./B.Sc. (General) 1st Sem.**

**(2123)**

**PUNJABI**

**Paper : (Elective)**

**Time Allowed : Three Hours]** **[Maximum Marks : 90**

**ਨੋਟ :–** (1) ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

(2) ਉੱਤਰ ਭਾਵ-ਪੂਰਤ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ।

(3) ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ।

1. (ੳ) ਨਿਮਨਲਿਖਤ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਇਹ ਬੇਪ੍ਰਵਾਹ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ।
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ।

(ii) ਕੋਈ ਆਖਦਾ ਏ, "ਧੂੰਆਂ ਹੈ ਇਹ ਦੁਨੀਆਂ।"
ਕੋਈ ਕਹਿ ਗਿਆ "ਕਲਪਨਾ ਹੈ ਇਹ ਦੁਨੀਆਂ।"

ਕੋਈ ਧਰਤੀ ਮਾਤਾ 'ਤੇ ਸੌ ਸਾਲ ਜੀਅ ਕੇ
ਦਰਖ਼ਤਾਂ ਦੇ ਫ਼ਲ, ਸ਼ਹਿਦ ਤੇ ਸ਼ੀਰ ਪੀ ਕੇ
ਇਹ ਝੂਠੀ ਹੈ ਦੁਨੀਆਂ, ਕੋਈ ਦਿਨ ਦੀ ਦੁਨੀਆਂ
ਕੋਈ ਪਲ ਦਾ ਜੀਵਨ, ਕੋਈ ਛਿਣ ਦੀ ਦੁਨੀਆਂ। 10

(ਅ) ਨਿਮਨਲਿਖਤ ਇਕਾਂਗੀ ਵੰਨਗੀਆਂ ਵਿੱਚੋਂ ਕਿਸੇ **ਇੱਕ** ਦਾ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

ਮਾਫ਼ ਕਰਨਾ ਜਨਾਬ ਸਾਡੀਆਂ ਬੇਈਮਾਨੀਆਂ ਤੁਹਾਨੂੰ ਬੜੀ ਛੇਤੀ ਦਿਸ ਪੈਂਦੀਆਂ ਨੇ, ਪਰ ਕਦੀ ਆਪਣੀ ਮੰਜੀ ਹੇਠ ਸੋਟਾ ਫੇਰ ਕੇ ਵੇਖਿਆ ਜੇ ? ਅਸੀਂ ਵੀ ਜਾਣਨੇ ਆ ਜੋ ਕੁਝ ਏਥੇ ਹੁੰਦਾ ਰਹਿੰਦਾ ਏ, ਅਸੀਂ ਅੰਨ੍ਹੇ ਨਹੀਂ। ਪਰ ਗੱਲ ਏਨੀ ਏਕਿ ਤੁਹਾਨੂੰ ਪੁੱਛਣ ਵਾਲਾ ਨਹੀਂ।

**ਜਾਂ**

"ਅੰਨ੍ਹੇ ਸ਼ਿਕਾਰੀਓ! ਤੁਸੀਂ ਨਿਸ਼ਾਨੇ ਹਮੇਸ਼ਾ ਗਲਤ ਲਾਉਣ ਦੇ ਆਦੀ ਬਣ ਚੁੱਕੇ ਓ। ਥੋਡੇ ਵੀ ਕੀ ਵੱਸ ਐ ? ਥੋਡੀ ਨਜ਼ਰ ਦਾ ਟੀਰ ਥੋਨੂੰ ਸਿੱਧਾ ਵੇਖਣ ਵੀ ਨੀ ਦਿੰਦਾ।" 10

2. (ੳ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :
   (i) ਤਵਾਰੀਖ (ਅੰਮ੍ਰਿਤਾ ਪ੍ਰੀਤਮ)
   (ii) ਬਦੇਸ਼ੀ ਸੌਦਾਗਰ (ਜਗਤਾਰ)। 10

(ਅ) 'ਮਨ ਦੀਆਂ ਮਨ ਵਿਚ' ਇਕਾਂਗੀ ਦੀ ਸਾਹਿਤਕ ਆਲੋਚਨਾ ਕਰੋ।

**ਜਾਂ**

'ਅੰਨ੍ਹੇ ਕਾਣੇ' ਇਕਾਂਗੀ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। 10

3. ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ :

(ਕਵਿਤਾ ਭਾਗ ਅਤੇ ਇਕਾਂਗੀ ਭਾਗ ਵਿੱਚੋਂ **ਦੋ-ਦੋ** ਪ੍ਰਸ਼ਨ ਲਾਜ਼ਮੀ ਹਨ, ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ ?

(ੳ) ਅਵੰਤੀਪੁਰ ਕਿੱਥੇ ਹੈ ਅਤੇ ਉਥੇ ਅੱਜ-ਕੱਲ ਕੀ ਹੈ ?

(ਅ) ਮਾਂ ਦਾ ਪਿਆਰ ਕਿਹੋ ਜਿਹਾ ਹੁੰਦਾ ਹੈ ?

(ੲ) ਬਾਵਾ ਬਲਵੰਤ ਦੀ ਕਵਿਤਾ 'ਬਾਗੀ' ਦੀ ਸੁਰ ਕਿਹੋ ਜਿਹੀ ਹੈ ?

(ਸ) ਲੋਕ ਕਵੀ ਨੂੰ ਕਾਫ਼ਰ ਕਿਉਂ ਕਹਿੰਦੇ ਹਨ ?

(ਹ) ਰਾਇ ਸਾਹਿਬ ਚਪੜਾਸੀ ਰਾਹੀਂ ਮੈਨੇਜਰ ਨੂੰ ਬੁਲਾ ਕੇ ਕੀ ਕਹਿੰਦਾ ਹੈ ?

(ਕ) ਭਗਤ ਸਿੰਘ ਨੂੰ ਕਿਸ ਗੱਲ ਦਾ ਫ਼ਿਕਰ ਸੀ ?

(ਖ) ਦੇਸ਼ ਦੀ ਵੰਡ ਸਮੇਂ ਕਿਹੜੀਆਂ ਮਾੜੀਆਂ ਘਟਨਾਵਾਂ ਵਾਪਰੀਆਂ ਸਨ ?

2×5=10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ ? ਉੱਤਰ **50** ਸ਼ਬਦਾਂ ਵਿੱਚ ਦਿੱਤਾ ਜਾਵੇ :

(ੳ) ਆਧੁਨਿਕ ਪੰਜਾਬ ਸਾਹਿਤ ਦੀ ਕਾਲ-ਵੰਡ ਕਰੋ।

(ਅ) ਭਾਈ ਵੀਰ ਸਿੰਘ ਸਿੰਘ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਕੀ ਹਨ ?

(ੲ) ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਕਵਿਤਾ ਨੂੰ ਮੌਲਿਕ ਦੇਣ ਕੀ ਹੈ ?

(ਸ) ਆਈ. ਸੀ. ਨੰਦਾ ਦੀ ਸਾਹਿਤ-ਰਚਨਾ ਦਾ ਵੇਰਵਾ ਦਿਓ।

(ਹ) ਹਰਸਰਨ ਸਿੰਘ ਦੁਆਰਾ ਰਚੇ ਗਏ ਪੰਜਾਬੀ ਨਾਟਕਾਂ ਦੇ ਨਾਂ ਲਿਖੋ।

(ਕ) ਪੰਜਾਬੀ ਦਾ ਐਬਸਰਡ ਨਾਟਕਕਾਰ ਕੌਣ ਹੈ ? ਉਸਦੇ ਦੋ ਪ੍ਰਸਿੱਧ ਨਾਟਕਾਂ ਦੇ ਨਾਂ ਦੱਸੋ। 5×4=20

5. ਭਾਸ਼ਾ ਦੀ ਪਰਿਭਾਸ਼ਾ ਦੱਸਦੇ ਹੋਏ ਇਸਦੀ ਪ੍ਰਕ੍ਰਿਤੀ ਤੇ ਨੋਟ ਲਿਖੋ।

**ਜਾਂ**

ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਦੱਸੋ। 10

6. ਕਿਸੇ **ਇੱਕ** ਸਾਹਿਤ ਰੂਪ ਦੀ ਪਰਿਭਾਸ਼ਾ ਅਤੇ ਤੱਤਾਂ ਦਾ ਵਰਨਣ ਕਰੋ :

(ੳ) ਇਕਾਂਗੀ

(ਅ) ਕਹਾਣੀ। 10